# ਇਤਰਾਜਹੀਣਤਾ ਸਰਟੀਫਿਕੇਟ

No. 778/MA Dt 25/4/17

ਮੈਸ: ਭਾਰਤੀ ਰਿਅਲਟੀ ਲਿਮਟਡ,ਕਮਰਸ਼ੀਅਲ ਕੰਪਲੈਕਸ ਐਟ ਉਲਡ ਸੈਸਨ ਕੋਰਟ ਸਾਈਟ, ਨੂੰ ਜਿਲਾ ਨਗਰ ਯੋਜਨਾਂਕਾਰ ਲੁਧਿਆਣਾ ਦਫਤਰ ਵਲੋ ਪ੍ਰਵਾਨ ਕੀਤੇ ਗਏ ਅਤੇ ਇਸ ਦਫਤਰ ਵੱਲੋ ਪ੍ਰਤੀ ਹਸਤਾਖਰ ਕੀਤੇ ਗਏ ਸਾਈਟ ਪਲਾਨ ਅਨੁਸਾਰ ਐਚ.ਐਸ.ਡੀ. ਦੀ ਅੰਡਰਗਰਾਊਂਡ ਸਟੋਰੇਜ਼ ਲਈ ਪੈਟਰੋਲੀਅਮ ਰੂਲਜ਼, 2002 ਦੇ ਰੂਲ 144 ਤਹਿਤ ਇਤਰਾਜਹੀਣਤਾ ਸਰਟੀਫਿਕੇਟ ਵੱਖ-2 ਵਿਭਾਗਾਂ ਵਲੋ ਲਾਈਆਂ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਤੇ ਜਾਰੀ ਕੀਤਾ ਜਾਂਦਾ ਹੈ। ਸ਼ਰਤਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1 ਪ੍ਰਾਰਥੀ ਕੰਪਨੀ ਸਟੋਰਜ ਸਾਈਟ ਉਪਰ ਕਿਸੇ ਤਰਾਂ ਦੀ ਉਸਾਰੀ ਆਦਿ ਨਹੀਂ ਕਰੇਗੀ ਜਿਸ ਕਰਕੇ ਬਿਲਡਿੰਗ ਸੈਟ ਬੈਕ ਪ੍ਰਭਾਵਿਤ ਹੁੰਦਾ ਹੋਵੇ ।

2 ਪ੍ਰਾਰਥੀ ਕੰਪਨੀ ਐਕਸਪਲੋਜਿਵ ਵਿਭਾਗ ਵੱਲੋ ਪ੍ਰਵਾਨਤ ਲੇਆਊਟ ਪਲੈਨ ਡਰਾਂ ਨੰ: ਈ.ਐਸ/ਬੀ.ਆਰ.ਐਲ/01/ਏ.1 ਮਿਤੀ 03-04-2012(ਜਿਸ ਦੀ ਪ੍ਰਵਾਨਗੀ ਐਕਸਪਲੋਜਿਵ ਵਿਭਾਗ ਪੱਤਰ ਨੰ: ਏ/ਪੀ/ਐਨ/ਪੀ.ਬੀ /15/1010 ਮਿਤੀ 16-05 -2012 ਦਿੱਤੀ ਗਈ ਹੈ) ਅਨੁਸਾਰ ਮੋਕੇ ਤੇ ਉਸਾਰੀ ਕਰੇਗੀ ਅਤੇ ਫਾਇਰ ਸੇਫਟੀ ਦੀ ਜਿੰਮੇਵਾਰੀ ਐਕਟ ਅਧੀਨ ਸਬੰਧਤ ਕੰਪਨੀ ਦੀ ਹੋਵੇਗੀ ।

3. ਪ੍ਰਾਰਥੀ ਕੰਪਨੀ ਡੀਜਲ ਟੈਕ ਲਗਾਉਣ/ਸਟੋਰੇਜ਼ ਕਰਨ ਅਤੇ ਫੈਕਟਰੀ ਚਾਲੂ ਕਰਨ ਤੋ ਪਹਿਲਾਂ ਪ੍ਰਬੰਧਕਾਂ ਨੂੰ ਫਾਇਰ ਵਿਭਾਗ ਤੋ ਫਾਇਰ ਸੇਫਟੀ ਸਰਟੀਫਿਕੇਟ ਲੈਣਾ ਪਵੇਗਾ ਫਾਇਰ ਸ਼ਾਖਾ ਤੋ ਚੈਕ ਕਰਵਾਏਗੀ ਅਤੇ ਇਸ ਤੋ ਬਾਅਦ ਵੀ ਸਮੇ-2 ਸਿਰ ਚੈਕ ਕਰਵਾਏਗੀ।

4 ਪ੍ਰਾਰਥੀ ਕੰਪਨੀ ਪੰਪ ਸ਼ੁਰੂ ਕਰਨ ਤੋ ਪਹਿਲਾਂ ਡੀ.ਐਫ.ਐਸ.ਸੀ., ਲੁਧਿਆਣਾ ਤੋ ਨਿਰੀਖਣ ਕਰਾਉਣਾ ਯਕੀਨੀ ਬਣਾਏਗੀ।

5 ਪ੍ਰਾਰਥੀ ਕੰਪਨੀ ਰਾਜ ਸਰਕਾਰ/ਕੇਂਦਰ ਸਰਕਾਰ ਦੇ ਬਣਾਏ ਗਏ ਕਿਸੇ ਕਾਨੂੰਨ ਜਾਂ ਨਿਯਮਾਂ ਦੀ ਉਲੰਘਣਾ ਨਹੀਂ ਕਰੇਗੀ।

6 ਇਹ ਇਤਰਾਜਹੀਣਤਾ ਸਰਟੀਫਿਕੇਟ ਜਿਲਾ ਮੈਜਿਸਟਰੇਟ, ਲੁਧਿਆਣਾ ਦੀ ਤਸੱਲੀ ਤੇ ਨਿਰਭਰ ਕਰਦਾ ਹੈ ਅਤੇ ਕਿਸੇ ਵੀ ਸਮੇਂ ਬਿਨਾਂ ਕੋਈ ਕਾਰਨ ਦੱਸੇ ਵਾਪਸ ਲਿਆ ਜਾ ਸਕਦਾ ਹੈ।

7 ਕਿਸੇ ਵੀ ਸਰਕਾਰੀ/ਅਰਧ ਸਰਕਾਰੀ/ਗ੍ਰਾਮ ਪੰਚਾਇਤ ਦੀ ਜਮੀਨ ਤੇ ਉਸਾਰੀ ਜਾਂ ਅਣ -ਅਧਿਕਾਰਤ ਕਬਜ਼ਾ ਨਹੀ ਕੀਤਾ ਜਾਵੇਗਾ।

8 ਭਵਿੱਖ ਵਿੱਚ ਜੇਕਰ ਪ੍ਰਾਰਥੀ ਕੰਪਨੀ ਵਲੋ ਦਿੱਤੀ ਕੋਈ ਸਟੇਟਮੈਟ ਜਾਂ ਡਿਕਲਰੇਸ਼ਨ ਗਲਤ ਸਾਬਤ ਹੁੰਦੀ ਹੈ ਜਾਂ ਇਸ ਨਾਲ ਕਿਸੇ ਸੰਬੰਧਤ ਕਾਨੂੰਨ ਜਾਂ ਨਿਯਮਾਂ ਜਾਂ ਦੀ ਉਲੰਘਣਾ ਹੁੰਦੀ ਹੈ ਤਾਂ ਇਹ ਐਨ.ਓ.ਸੀ. ਵਾਪਸ ਲੈ ਲਿਆ ਜਾਵੇਗਾ ।

ਵਾ ਜਿਲਾ ਮੈਜਿਸਟਰੇਟ,
ਲੁਧਿਆਣਾ।

ਪਿੱਠ ਅੰਕਣ ਨੰਬਰ 2858-71 /ਐਮ.ਏ ਮਿਤੀ 25/4/17

ਇਸ ਦਾ ਇਕ ਉਤਾਰਾ :-

1 ਜੁਆਇੰਟ ਕੰਟਰੋਲਰ ਆਫ ਐਕਸਪਲੋਸਿਵ, ਭਾਰਤ ਸਰਕਾਰ, ਐਕਸਪਲੋਸਿਵ ਵਿਭਾਗ, ਨਾਰਥ ਸਰਕਲ, ਰਾਮਾ ਪੈਲੇਸ, ਤੀਸਰੀ ਮੰਜਿਲ, ਨੇੜੇ ਨੀਲਮ ਫਲਾਈ ਓਵਰ, ਫਰੀਦਾਬਾਦ (ਹਰਿਆਣਾ)।

2. ਮੈਸ: ਭਾਰਤੀ ਰਿਅਲਟੀ ਲਿਮਟਡ,ਕਮਰਸ਼ੀਅਲ ਕੰਪਲੈਕਸ ਐਟ ਉਲਡ ਸੈਸਨ ਕੋਰਟ ਸਾਈਟ ਲੁਧਿਆਣਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੈਟਰੋਲੀਅਮ ਪਦਾਰਥਾਂ ਦੀ ਸਟੋਰੇਜ਼ ਲਈ ਉਸਾਰੀ ਵੱਖ-2 ਵਿਭਾਗਾਂ ਵਲੋ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਜਲਦੀ ਤੋ ਜਲਦੀ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

3 ਕਮਿਸ਼ਨਰ ਪੁਲਿਸ ਲੁਧਿਆਣਾ।

4. ਉਪ ਮੰਡਲ ਮੈਜਿਸਟਰੇਟ, ਲੁਧਿਆਣਾ(ਪੂਰਬੀ ।

6 ਵਧੀਕ ਮੁੱਖ ਪ੍ਰਸ਼ਾਸਕ, ਗਲਾਡਾ, ਲੁਧਿਆਣਾ

7 ਜ਼ਿਲਾ ਕੰਟਰੋਲਰ, ਖੁਰਾਕ-ਸਿਵਲ ਸਪਲਾਈਜ਼ ਤੇ ਖਪਤਕਾਰ ਮਾਮਲੇ, ਲੁਧਿਆਣਾ (ਪੂਰਬੀ) ।

8. ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋ:ਨਿ:ਵਿ: ਭ ਤੇ ਮ, ਲੁਧਿਆਣਾ

9 ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ,ਲੁਧਿਆਣਾ-4

10. ਜਿਲ੍ਹਾ ਨਗਰ ਯੋਜਨਾਕਾਰ, ਲੁਧਿਆਣਾ

11. ਵਣ ਮੰਡਲ ਅਫਸਰ, ਲੁਧਿਆਣਾ

12. ਮੁੱਖ ਖੇਤੀਬਾੜੀ ਅਫਸਰ, ਲੁਧਿਆਣਾ

13. ਸਹਾਇਕ ਮੰਡਲ ਫਾਇਰ ਅਫਸਰ, ਨਗਰ ਨਿਗਮ, ਲੁਧਿਆਣਾ

ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਐਨ.ਓ.ਸੀ. ਵਿੱਚ ਦਰਜ ਸ਼ਰਤਾਂ ਦੀ ਪਾਲਣਾ ਇੰਨ-ਬਿੰਨ ਅਤੇ ਜਲਦੀ ਤੋ ਜਲਦੀ ਕਰਵਾਈ ਜਾਣੀ ਯਕੀਨੀ ਬਣਾਈ ਜਾਵੇ। ਸ਼ਰਤਾਂ ਦੀ ਉਲੰਘਣਾ ਹੋਣ ਦੀ ਸੂਰਤ ਵਿੱਚ ਤੁਰੰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

District Magistrate, Ludhiana

ਵਾ ਜਿਲਾ ਮੈਜਿਸਟਰੇਟ,
ਲੁਧਿਆਣਾ।